# ਕਵਿਤਾ ਕਿਵੇਂ ਪੜ੍ਹੀਏ ਤੇ ਸਮਝੀਏ?



**ਡਾ. ਮਨਮੋਹਨ**

ਸਾਬਕਾ ਜਾਇੰਟ ਡਾਇਰੈਕਟਰ, ਗ੍ਰਹਿ ਮੰਤਰਾਲੇ, ਭਾਰਤ ਸਰਕਾਰ
✆ 8283948811

ਮਨੁੱਖ ਕੋਲ ਵਿਕਸਿਤ ਭਾਸ਼ਾ ਹੈ ਜੋ ਦੂਜੇ ਪ੍ਰਾਣੀਆਂ ’ਚ ਮੌਜੂਦ ਨਹੀਂ। ਇਹ ਭਾਸ਼ਾ ਹੀ ਏ ਜੋ ਬੋਲਦੀ ਏ। ਕਵੀ ਨਹੀਂ। ਕਵੀ ਭਾਸ਼ਾ ਰਾਹੀਂ ਕਵਿਤਾ ’ਚ ਚੁੱਪ ਰਹਿ ਕੇ ਬੋਲਦਾ ਹੈ। ਭਾਸ਼ਾ ਸ਼ਬਦਾਂ ਦੇ ਪਿੱਛੇ ਪਿਆ ਅਮੂਰਤਨ ਏ। ਇਕ ਪ੍ਰਬੰਧ। ਕਵਿਤਾ ਭਾਸ਼ਾ ਦਾ ਸ਼ਬਦਾਂ ਰਾਹੀਂ ਸਮੂਰਤ ਰੂਪ ਏ। ਭਾਸ਼ਾ ਦਾ ਇਹੀ ਪ੍ਰਬੰਧ ਕਵੀ ਦੁਆਰਾ ਭਾਸ਼ਾ ਦੇ ਸ਼ਬਦਾਂ ’ਚੋਂ ਕਵਿਤਾ ਰਾਹੀਂ ਪ੍ਰਗਟ ਹੁੰਦੈ। ਕਵਿਤਾ ਦੇ ਸ਼ਬਦਾਂ ’ਚ ‘ਮੈਂ’ ਭਾਵ ‘ਹੋਣ’ ਦਾ ਸੁਰ ਢਲਿਆ ਹੁੰਦੈ। ਇਹ ਸੁਰ ਹੀ ਲਿਖਤ ’ਚ ਗੁੱਝ ਕੇ ਭਾਸ਼ਾ ਬਣਦਾ ਏ। ਇੰਝ ਭਾਸ਼ਾ ਨਾ ਸੰਦ ਏ ਤੇ ਨਾ ਸਾਧਨ। ਇਹ ਸੰਰਚਨਾ ਏ ਅਤੇ ਇਸ ’ਚ ਸੰਦੇਹ/ਦੁਚਿੱਤੀ ਰਾਹੀਂ ਵਾਧਾ ਹੁੰਦਾ ਰਹਿੰਦੈ।

ਭਾਸ਼ਾ ਦੇ ਇਸ ਸੁਭਾਅ ਬਾਰੇ ਇਕ ਕਥਾ ਹੈ; ‘ਮਹਾਨ ਚੀਨੀ ਕਲਾਕਾਰ ਨੇ ਇਕ ਭੂਦ੍ਰਿਸ਼ ਚਿਤਰਿਆ, ਉਸ ’ਚ ਪ੍ਰਵੇਸ਼ ਕੀਤਾ ਤੇ ਗ਼ਾਇਬ ਹੋ ਗਿਆ । ਇਸ ਗੁੰਮਸ਼ੁਦਗੀ ਬਾਰੇ ਬੂਕਾਪਿਰਲਾਨ ਆਪਣੇ ਆਪ ਨੂੰ ਪ੍ਰਸ਼ਨ ਕਰਦਾ ਹੈ ਕਿ ਕੀ ਮੈਂ ਆਪਣੀ ਭਾਸ਼ਾ ’ਚ ਗੁੰਮ ਹੋ ਸਕਦਾ ਹਾਂ? ਉਸਨੂੰ ਜਵਾਬ ਮਿਲਦਾ ਹੈ; ਹਾਂ...! ਪਰ ਕੇਵਲ ਉਦੋਂ ਹੀ ਜਦੋਂ ਉਹ ਪੂਰੀ ਤਰ੍ਹਾਂ ਤੁਹਾਡੀ ਹੋਵੇ । ਜਦੋਂ ਤੁਸੀਂ ਉਸਨੂੰ ਦੇਖ ਰਹੇ ਹੋਵੋ । ਉਹ ਅਜਿਹਾ ਭੂਦ੍ਰਿਸ਼ ਰਚ ਦੇਵੇ ਜਿਸ ’ਚ ਭਾਸ਼ਾ ਤੇ ਭੂਦ੍ਰਿਸ਼ ਇਕ ਦੂਜੇ ’ਚ ਸਮਾਅ ਜਾਣ...ਪ੍ਰੇਮੀਆਂ ਜਾਂ ਦੋ ਫੋਟੋ ਨੈਗੇਟਿਵਜ਼ ਵਾਂਗ। ਭਾਸ਼ਾ ਇਵੇਂ ਹੀ ਜੀਵਨ, ਨਿੱਜਤਾ ਭਾਵ ਵੈਸ਼ਵਿਕਤਾ ਗ੍ਰਹਿਣ ਕਰ ਸਕਦੀ ਹੈ। ਸਮਾਂ ਆਪਣੀ ਨਿਸ਼ਬਦਤਾ ’ਚ ਬੋਲਦਾ ਹੈ। ਉਹ ‘ਹੋਰ’ ਹੈ। ਸਿਰਫ਼ ਭਾਸ਼ਾ ਤੁਹਾਡੀ ਹੈ ਪਰ ਭਾਸ਼ਾ ਆਪਣੀ ਹੋ ਕੇ ਵੀ ਆਪਣੀ ਨਹੀਂ ਹੁੰਦੀ । ਇਹ ਕਵੀ ਹੀ ਹੈ ਜੋ ਇਸਨੂੰ ਆਪਣਾਪਨ ਦਿੰਦਾ ਹੈ। ਪਰੰਤੂ ਸਥਿਤੀ ਦਾ ਵਿਰੋਧਾਭਾਸ ਹੈ ਕਿ ਕਵੀ ਹੀ ਅਜਿਹਾ ਪ੍ਰਾਣੀ ਏ ਜੋ ਭਾਸ਼ਾ ਰਾਹੀਂ ਆਪਣੀ ਸੰਰਚਨਾ ਅਤੇ ਸਥਿਤੀ ਵੀ ਗਵਾ ਬਹਿੰਦਾ ਏ। ਇਸੇ ਗਵਾਉਣ ਕਾਰਣ ਹੀ ਉਸਦੀ ਭਾਸ਼ਾ ’ਚ ਜਗਤ ਸਮਾਇਆ ਹੁੰਦੈ। ਇਸ ਜਗਤ ਅੰਦਰ ਵਿਚਰਦਾ ਕਵੀ ਜਦੋਂ ਆਪਣੀ ਜੋਤ ’ਚ ਸਮਾਅ ਜਾਂਦਾ ਏ ਤਾਂ ਪਾਠਕ ਜਨਮ ਲੈਂਦਾ ਹੈ ਭਾਵ ਕਵਿਤਾ ਕਵੀ ਦੇ ਬਾਅਦ ਵੀ ਰਹਿੰਦੀ ਏ ਤੇ ਹਰ ਪੱਧਰ ’ਤੇ, ਭਵਿੱਖ ਦੇ ਹਰ ਸਮੇਂ ਪੜ੍ਹੀ ਜਾਂਦੀ ਏ। ਜਦੋਂ ਕਵੀ ਗ਼ੈਰਹਾਜ਼ਿਰ ਵੀ ਹੁੰਦਾ ਏ ਤਾਂ ਵੀ ਕਵਿਤਾ ਮੌਜੂਦ ਹੁੰਦੀ ਏ।

ਜੇਕਰ ਚਾਹੀਏ ਤਾਂ ਇਸਨੂੰ ਥੋੜ੍ਹਾ ਉਲਟੇ ਢੰਗ ਨਾਲ ਵੀ ਕਹਿ ਸਕਦੇ ਹਾਂ। ਜਿੰਨੇ ਕਵੀ ਓਨੇ ਹੀ ਦਿਲ। ਜਿੰਨੇ ਦਿਲ ਓਨੀ ਹੀ ਕਿਸਮ ਦੇ ਪ੍ਰੇਮ। ਫ਼ਾਰਸੀ ਵਾਲੇ ਪ੍ਰੇਮ ਦੇ ਸੱਤ ਰੂਪ ਦੱਸਦੇ ਨੇ; ਦਿਲਕਸ਼ੀ, ਉਨਸ, ਮੁਹੱਬਤ, ਅਕੀਦਤ, ਇਬਾਦਤ, ਜਨੂਨ ਤੇ ਫ਼ਨਾਹ। ਜਿੰਨੇ ਕਵੀ ਓਨੀਆਂ ਹੀ ਕਿਸਮਾਂ ਦੇ ਪ੍ਰੇਮ-ਭਾਵ ਤੇ ਪ੍ਰਗਟਾਵੇ। ਪ੍ਰੇਮ ਕਰਨਾ ਵੀ ਇਕ ਮਹਾਨ ਕਿਰਤ ਦੀ ਰਚਨਾ ਦੀ ਤਰ੍ਹਾਂ ਹੈ ਜੋ ਰਚੇ ਜਾਣ ਲਈ ਵਕਤ ਲੈਂਦੀ ਹੈ ਅਤੇ ਰਚੇ ਜਾਣ ਤੋਂ ਬਾਅਦ ਵੀ ਉਸ ’ਚ ਪੂਰੇ ਹੋਣ ਦੀ ਗੁੰਜਾਇਸ਼ ਰਹਿੰਦੀ ਹੈ। ਪਲੈਟੋ ਕਹਿੰਦਾ ਹੈ ਕਿ ਪ੍ਰੇਮ ਦੀ ਛੋਹ ਨਾਲ ਹਰ ਕੋਈ ਕਵੀ ਬਣ ਜਾਂਦੈ ਪਰ ਇਹ ਵੀ ਸਹੀ ਹੈ ਕਿ ਹਰ ਪ੍ਰੇਮੀ ਕਵੀ ਨਹੀਂ ਹੁੰਦਾ। ਕਵੀ ਹੋਣ ਲਈ ਪ੍ਰੇਮ ਇਕ ਪ੍ਰੇਰਨਾ ਹੈ, ਇਕ ਨਿਸ਼ਬਦ ਪ੍ਰੋਤਸਾਹਨ। ਜਿਸ ਰਾਹੀਂ ਕਵਿਤਾ ਆਪਣੀ ਸ਼ਾਬਦਿਕਤਾ ’ਚੋਂ ਉਗਮਦੀ ਹੈ । ਇੰਝ ਕਵਿਤਾ ਦੀ ਭਾਸ਼ਾ ਆਪਣੇ ਸਵੈਭੰ ’ਚੋਂ ਆਪਣਾ ਸਰੂਪ ਗ੍ਰਹਿਣ ਕਰਦੀ ਹੈ।

ਕਵਿਤਾ ਅਜਿਹਾ ਕਰਮ ਹੈ ਜਿਸ ’ਚ ਸ਼ਬਦਾਂ ਦਾ ਸਚਾਈ ਨਾਲ ਸਬੰਧ ਪੁਨਰਰਵਾ ਹੁੰਦਾ ਹੈ। ਕਵਿਤਾ ਤਾਂ ਹੀ ਤੇ ਜੀਵਨ ਹੈ ਭਾਸ਼ਾ ਦੁਆਰਾ ਅਲੋਕਿਤ ਜਾਂ ਭਾਸ਼ਾ ਹੈ ਜੀਵਨ ਦੁਆਰਾ ਅਲੋਕਿਤ। ਇੰਝ ਇਹ ਗੱਲ ਨਿਸ਼ਚਿਤ ਹੈ ਕਿ ਹਰ ਕਵਿਤਾ ਆਪਣੀ ਭਾਸ਼ਾ ਆਪ ਸਿਰਜਦੀ ਹੈ। ਕਵੀ ਸਿਰਫ਼ ਉਸ ਭਾਸ਼ਾ ਨੂੰ ਸ਼ਬਦ ਦੇ ਰਿਹਾ ਹੁੰਦਾ। ਵਰਤਮਾਨ ਦੌਰ ਦਾ ਗਿਆਨ ਇਸ ਗੱਲ ਦਾ ਕਾਇਲ ਹੈ ਕਿ ਆਧੁਨਿਕ ਦੁਨੀਆਂ ਦੀ ਭਾਸ਼ਾ ’ਚ ਘੁਸਪੈਠ ਨਾਲ ਭਾਸ਼ਾ ਨੂੰ ਬਚਾਉਣਾ ਕਵੀ ਦਾ ਰਾਜਨੀਤਕ ਕਰੱਤਵ ਹੈ। ਅਗਰ ਭਾਸ਼ਾ ਦਾ ਪਤਨ ਹੋਇਆ ਤਾਂ ਇਹ ਸਾਰਿਆਂ ਲਈ ਦੁਰਘਟਨਾ ਹੋਵੇਗੀ। ਲੁਡਵਿੰਗ ਵਿਟਜਨਸਟਾਈਨ ਕਹਿੰਦਾ ਹੈ ਕਿ ਮੇਰੀ ਭਾਸ਼ਾ ਦੇ ਸੀਮਤ ਹੋਣ ਦਾ ਭਾਵ ਹੈ ਮੇਰੇ ਜਗਤ ਦੀ ਸੀਮਾਂਬੰਦੀ। ‘ਵਾਕਯਪਦਿਅਮ’ ਦਾ ਰਚੇਤਾ ਭਰਥਰੀ ਭਾਸ਼ਾ ਦੇ ਇਸ ਪੱਖ ਬਾਰੇ ਕਹਿੰਦਾ ਹੈ; ਭਾਸ਼ਾ ਯਥਾਰਥ ਦੇ ਸਮੁੰਦਰ ’ਚੋਂ ਉਗਮਦੀ ਹੈ।

ਬਾਰ੍ਹਵੀਂ ਸਦੀ ਦਾ ਫ਼ਾਰਸੀ ਦਾ ਕਵੀ ਮੌਲਾਨਾ ਜਲਾਲੂਦੀਨ ਰੂਮੀ ਕਵਿਤਾ ਦੀ ਭਾਸ਼ਾ ਜਾਂ ਕਾਵਿ ਭਾਸ਼ਾ

ਦੀ ਅਸੀਮ ਅਦਭੁੱਤਤਾ ਬਾਰੇ ਲਿਖਦਾ ਹੈ ਕਿ ਇਹ ਹਮੇਸ਼ਾ ਹੁੰਦਾ ਹੈ, ਜਦੋਂ ਮੈਂ ਕਵਿਤਾ ਲਿਖ ਕੇ ਹੱਟਦਾ ਹਾਂ ਤਾਂ ਇਕ ਮਹਾਨ ਚੁੱਪ ਮੈਨੂੰ ਘੇਰ ਲੈਂਦੀ ਹੈ ਤੇ ਮੈਂ ਹੈਰਾਨ ਹੁੰਦਾ ਹਾਂ ਕਿ ਮੈਂ ਭਾਸ਼ਾ ਦੀ ਵਰਤੋਂ ਬਾਰੇ ਕਿਉਂ ਸੋਚਿਆ। ਕਵਿਤਾ ਦੀ ਭਾਸ਼ਾ ਬਾਰੇ ਇਹ ਵੀ ਵਿਚਾਰ ਹੈ ਕਿ ਦੋ ਤਰ੍ਹਾਂ ਦੇ ਮੌਨ ਹੁੰਦੇ ਨੇ; ਸ਼ਬਦ ਦਾ ਮੌਨ ਤੇ ਨਾਦ ਦਾ ਮੌਨ। ਨਾਦੀ ਮੌਨ ਅਧਿਕ ਪ੍ਰਭਾਵ ਸਿਰਜਦਾ ਹੈ। ਕਵਿਤਾ ਨਾਦੀ ਮੌਨ ਦੀ ਭਾਸ਼ਾ ਹੈ। ਕਵਿਤਾ ਅੰਦਰ ਦਾ ਬਾਹਰ ਨੂੰ ਕੀਤਾ ਪ੍ਰਗਟਾਵਾ ਨਹੀਂ ਸਗੋਂ ਬਾਹਰ ਦਾ ਅੰਦਰ ਨੂੰ ਪ੍ਰਗਟਾਵਾ ਏ । ਚੀਨੀ ਕਵੀ ਵਾਈ ਵਾਈ ਕਹਿੰਦਾ ਹੈ ਕਿ ਕਵਿਤਾ ਸਾਨੂੰ ਬੁੱਧੀ ਦੀ ਉਸ ਅਵੱਸਥਾ 'ਚ ਰੱਖਦੀ ਹੈ ਜੋ ਤਰਕ ਤੋਂ ਪਹਿਲਾਂ ਦੀ ਹੈ। ਸਾਨੂੰ ਆਪਣੀਆਂ ਭਾਵਨਾਵਾਂ ਨਾਲ ਸ਼ੁੱਧ ਰੂਪ 'ਚ ਸੰਪਰਕ 'ਚ ਲਿਆਉਂਦੀ ਹੈ। ਸਭ ਤੋਂ ਮਹੱਤਵਪੂਰਣ ਹੈ ਕਿ ਕਵਿਤਾ ਸਾਨੂੰ ਅਜਿਹੀ ਅਬੋਧ ਸਥਿਤੀ 'ਚ ਲਿਆਉਂਦੀ ਹੈ ਜਿਸ 'ਚ ਕਲਪਨਾ ਅਤੇ ਭਾਸ਼ਾ ਬਹੁਤ ਵੇਧਯ ਤੇ ਨਾਲ ਨਾਲ ਬਹੁਤ ਵੇਧਕ ਹੋ ਸਕਦੀ ਹੈ।

ਮਨੁੱਖੀ ਜੀਵਨ ਕਾਲ 'ਚ ਵਾਪਰਦਾ ਏ। ਭਾਰਤੀ ਪਰੰਪਰਾ 'ਚ ਕਿਹਾ ਜਾਂਦਾ ਜ਼ਿੰਦਗੀ ਕਾਲ ਦਾ ਪ੍ਰਤੀਰੂਪ ਹੈ। ਇਕ ਸ਼ਲੋਕ ਹੈ; 'ਕਾਲ ਮੂਲਾ ਬੀਦਮ ਸ੍ਵਮ ਜਗਦਬੀਜ...' ਭਾਵ ਕਾਲ ਹੀ ਜਗਤ ਦੀ ਹਰ ਘਟਨਾ ਦਾ ਬੀਜ ਹੈ। ਨੀਤੀ, ਸ਼ਿੰਗਾਰ ਅਤੇ ਵੈਰਾਗ ਸ਼ਤਕਾਂ ਦਾ ਕਰਤਾ ਭਰਥਰੀ ਕਹਿੰਦਾ ਹੈ; 'ਕਾਲ ਨਾ ਯਾਤੋ ਵਯਮੇਵ ਯਾਤਾ' ਭਾਵ ਕਾਲ ਨਹੀਂ ਬੀਤਦਾ ਅਸੀਂ ਬੀਤ ਜਾਂਦੇ ਹਾਂ।

ਜਿਸ ਕਾਲ ਖੰਡ 'ਚ ਅੱਜ ਕੱਲ੍ਹ ਅਸੀਂ ਜੀਅ ਰਹੇ ਹਾਂ ਉਸ ਦੁਨੀਆਂ 'ਚ ਅਸੀਂ ਇਕਦਮ ਇਕੱਲੇ ਹਾਂ। ਵਰਤਮਾਨ ਜੀਵਨ ਸਥਿਤੀ ਦੀ ਇਸ ਵਿਡੰਬਨਾ ਬਾਰੇ ਡਬਲਿਊ ਐਚ ਔਡਨ ਦਾ ਕਹਿਣਾ ਹੈ ਕਿ ਇਸ ਦੁਨੀਆਂ 'ਚ ਰਹਿਣਾ ਇਕਲੀ ਦੁਨੀਆਂ 'ਚ ਰਹਿਣਾ ਹੈ । ਪੁਰਾਣੇ ਸਾਰੇ ਸੰਮੋਹਨ ਤੇ ਸਮਰੱਸਤਾ ਸਦਾ ਲਈ ਗ਼ਾਇਬ ਹੋ ਚੁੱਕੇ ਨੇ। ਹਰੇਕ ਨੂੰ ਆਪਣੇ ਰਾਹ ਇਕੱਲੇ ਹੀ ਚੱਲਣਾ ਹੈ...ਇਕਦਮ ਇਕੱਲੇ। ਇਸ ਵਿਡੰਬਨਾ ਬਾਰੇ ਸਾਰਤਰ ਦਾ ਕਹਿਣਾ ਹੈ ਕਿ ਅਸੀਂ ਇਕੱਲਤਾ ਦੇ ਮਾਰੇ ਹੋਏ ਹਾਂ ਪਰ ਇਸਦੇ ਬਰਅਕਸ ਦੂਜਾ ਵਿਰੋਧਾਭਾਵ ਇਹ ਹੈ ਕਿ ਜਦੋਂ ਅਸੀਂ ਇਕੱਲੇ ਹੁੰਦੇ ਹਾਂ ਉਦੋਂ ਹੀ ਸਿਰਜਣ ਕਰ ਪਾਉਂਦੇ ਹਾਂ। ਸਿਰਜਣ ਪ੍ਰਕਿਰਿਆ ਇਕੱਲੇਪਣ 'ਚ ਸ਼ੁਰੂ ਹੁੰਦੀ ਤੇ ਇਕੱਲੇਪਣ 'ਤੇ ਹੀ ਖ਼ਤਮ ਹੁੰਦੀ ਹੈ। ਜਿਸਨੂੰ ਤੁਸੀਂ ਇਕਾਗਰਤਾ ਕਹਿੰਦੇ ਹੋ ਉਹ ਤੁਹਾਡੇ ਅੰਦਰ ਹੀ ਹੁੰਦੀ ਹੈ। ਮਾਹੌਲ ਦਾ ਮਹੱਤਵ ਸਾਪੇਖੀ ਹੁੰਦਾ ਏ। ਇੰਜ ਸਿਰਜਣਾ ਕੋਈ ਸਰਲ ਕੰਮ ਨਹੀ। ਸਿਰਜਣਾ ਕਰਨਾ ਇਕ ਯਾਤਨਾ 'ਚੋਂ ਲੰਘਣਾ ਹੈ। ਸਪੇਨੀ ਕਵੀ ਫੈਦਰੀਕੋ ਗਾਰਸ਼ੀਆ ਲੋਰਕਾ ਕਹਿੰਦਾ ਹੈ ਕਿ ਕਵਿਤਾ ਸਿਆਹੀ ਨਾਲ ਨਹੀਂ ਖ਼ੂਨ ਨਾਲ ਲਿਖੀ ਹੁੰਦੀ ਹੈ । ਮਹਾਨ ਰੂਸੀ ਨਾਵਲਕਾਰ ਫਿਓਦਰ ਦੋਸਤੋਵਸਕੀ ਕਹਿੰਦਾ ਸ਼ੈਤਾਨ ਦੀ ਰੱਬ ਨਾਲ ਸਦਾ ਲੜਾਈ ਰਹੀ ਏ ਤੇ ਇਸ ਲੜਾਈ ਦਾ ਮੈਦਾਨ ਹੁੰਦਾ ਏ ਬੰਦੇ ਦਾ ਮਨ। ਮਨੁੱਖ ਦੀ ਸ਼ਕਤੀ ਹੈ ਕਿ ਉਹ ਜਾਂ ਤਾਂ ਪ੍ਰਿਯ ਨੂੰ ਦੇਵਤਾ ਬਣਾ ਲੈਂਦਾ ਜਾਂ ਦੇਵਤੇ ਨੂੰ ਪ੍ਰਿਯ।

ਉਪਰੋਕਤ ਦਰਸਾਏ ਦ੍ਰਿਸ਼ ਤੇ ਮਾਹੌਲ 'ਚ ਕਾਵਿ-ਸਿਰਜਣਾ ਆਪਣੇ ਆਪ 'ਚ ਬੜੇ ਵਿਸ਼ਾਲ ਅਰਥ ਗ੍ਰਹਿਣ ਕਰਦੀ ਦਿਖਾਈ ਦਿੰਦੀ ਹੈ। ਅਫ਼ਰੀਕੀ ਨਾਵਲਕਾਰ ਚਿਨੂਆ ਅਚੇਬੇ ਕਹਿੰਦਾ ਹੈ ਕਿ ਆਦਮੀ ਹੋਣ ਦਾ ਅਰਥ ਹੈ ਕਿ ਉਸ ਕੋਲ ਕਹਿਣ ਲਈ ਕੁੱਝ ਹੈ।

ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਇਸ 'ਚ ਰਾਗ ਧਨਾਸਰੀ ਰਾਹੀ ਅੰਗ 660 'ਤੇ 'ਜਬ ਲਗ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ' ਕਹਿ ਕੇ ਕਹਿਣ ਨਾਲ ਸੁਣਨਾ ਵੀ ਜੋੜ ਦਿੰਦੇ ਹਨ। ਉਹ ਤਾਂ 'ਜਪੁ' 'ਚ ਅੰਗ 2 'ਤੇ ਗਾਉਣ ਨੂੰ ਵੀ ਮਹੱਤਵ ਦਿੰਦੇ ਹਨ; 'ਗਾਵੀਐ ਸੁਣੀਐ ਮਨਿ ਰਖੀਐ ਭਾਉ'। ਸ਼ਬਦ ਜੋ ਇਕ ਊਰਜਾ ਹੈ ਸੰਗੀਤ ਦੀਆਂ ਨਾਦ-ਤਰੰਗਾਂ ਰਾਹੀਂ ਪੂਰੇ ਨੈਸਰਗ/ਪ੍ਰਕਿਰਤੀ ਦਾ ਆਧਾਰ ਹੈ। 'ਜਪੁ' 'ਚ ਸ਼ਬਦ ਗਾਉਣ ਦੀ ਮਹਿਮਾ ਪ੍ਰਬਲ ਹੈ, ਅਪਾਰ ਹੈ। ਗੁਰੂ ਸਾਹਿਬ ਨੇ ਰਾਗ ਧਨਾਸਰੀ 'ਚ ਅੰਗ 661 'ਤੇ ਸੁਣਨ ਕਹਿਣ ਦੇ ਮਹੱਤਵ ਦੇ ਨਾਲ-ਨਾਲ ਬਹੁਤਾ ਬੋਲਣ ਨੂੰ ਝੱਖਣ ਵਜੋਂ ਦੇਖ ਕੇ ਨਿੰਦਿਆ ਹੈ; 'ਬਹੁਤਾ ਬੋਲਣੁ ਝਖਣੁ ਹੋਇ'। ਇਸ ਦੇ ਬਰਅਕਸ ਗੁਰੂ ਸਾਹਿਬ ਨੇ ਰਾਗ ਵਡਹੰਸ 'ਚ ਛੰਤ ਅੰਦਰ ਅੰਗ 565 'ਤੇ ਲਿਖਣ ਨੂੰ ਮਹੱਤਵ ਦਿੱਤਾ ਗਿਆ ਹੈ ਜਿਸ ਨਾਲ ਸੁਰਤਿ ਕਾਇਮ ਰਹਿੰਦੀ ਹੈ; 'ਲਿਖੇ ਬਾਝਹੁ ਸੁਰਤਿ ਨਾਹੀ ਬੋਲਿ ਬੋਲਿ ਗਵਾਈਐ'।

ਕਵੀ ਬਾਰੇ ਰਿਗ ਵੇਦ 'ਚ 10:129:7 ਰਿਚਾ 'ਚ ਕਿਹਾ ਗਿਆ ਹੈ; 'ਯੋ ਅਸਯਾਧਿਅਕਸ਼ :ਪਰਮੇ ਵਯੋਮਨਤਸੋ ਅੰਗ ਵੇਦ ਯਦਿ ਵਾ ਨਾ ਵੇਦ' ਭਾਵ ਇਹ ਜੋ ਕਵੀ (ਵਿਧਾਤਾ ਜਾਂ ਅਧਿਅਕਸ਼) ਆਪਣੀ ਕਵਿਤਾ /ਸ੍ਰਿਸ਼ਟੀ ਨੂੰ ਜਾਣਦਾ ਹੈ ਜਾਂ ਨਹੀਂ ਵੀ ਜਾਣਦਾ। ਵੇਦਾਂ 'ਚ ਕਵੀ ਨੂੰ ਕਵਿਤਾ ਦੇ ਸਿਰਜਕ ਅਤੇ ਵਿਧਾਤਾ ਨੂੰ ਸ੍ਰਿਸ਼ਟੀ ਦਾ ਸਿਰਜਕ ਕਿਹਾ ਹੈ। ਤ੍ਰਿਸ਼ਤਕਾਂ ਦਾ ਕਵੀ ਭਰਥਰੀ ਕਹਿੰਦਾ ਹੈ; 'ਸੁਕਵਿਤਾ ਯਧਸਿਤ ਰਾਜਸੇਨ ਕਿਮੁ...' ਭਾਵ ਜੇ ਕੋਈ ਕਵੀ ਉੱਤਮ ਕਵਿਤਾ ਲਿਖ ਲੈਂਦਾ ਹੈ ਤਾਂ ਉਸ ਮੂਹਰੇ ਰਾਜਪਾਟ ਸਭ ਨਿਰਮੂਲ ਹਨ।

ਕਵਿਤਾ ਬਾਰੇ ਕਈ ਤਰ੍ਹਾਂ ਦੇ ਵਿਚਾਰ ਮਿਲਦੇ ਨੇ। ਕਾਵਿ ਸੰਸਾਰ ਇਸ ਸੰਸਾਰ ਦੇ ਅੰਦਰ ਇਕ ਹੋਰ ਸੰਸਾਰ ਹੈ । ਇਸ ਸੰਸਾਰ ਦੇ ਨਿਯਮ ਘੜ੍ਹਨ ਵਾਲਾ ਸਵੰ ਕਵੀ ਆਪ ਹੁੰਦਾ। ਕੀਟਸ ਕਹਿੰਦਾ ਹੈ ਕਿ ਕਵਿਤਾ ਕਵੀ ਕੋਲ ਇਵੇਂ ਆਉਂਦੀ ਹੈ ਜਿਵੇਂ ਰੁੱਖਾਂ 'ਤੇ ਪੱਤੇ। ਟੀ. ਐੱਸ. ਈਲੀਅਟ ਕਹਿੰਦਾ ਹੈ, ਕਵਿਤਾ ਲਿਖਣਾ ਖ਼ੂਨ ਨੂੰ ਸਿਆਹੀ


www.sanvad.org
ISSN : 2395-1273

'ਚ ਬਦਲਣਾ ਹੈ। ਜਪਾਨੀ ਕਵਿੱਤਰੀ ਮਾਚੀਤਵਾਰਾ ਦਾ ਕਹਿਣਾ ਹੈ ਕਿ ਜਿਉਣ 'ਚ ਹੀ ਕਵਿਤਾ ਦੀ ਸਿਰਜਣਾ ਪਈ ਹੈ ਤੇ ਕਵਿਤਾ ਸਿਰਜਣ 'ਚ ਜਿਉਣਾ। ਔਕਤਵੀਓ ਪਾਜ਼ ਕਵਿਤਾ ਬਾਰੇ ਸੋਚਦਾ ਹੈ ਕਿ ਕਵਿਤਾ ਨਾ ਸਮਝੀ ਤੇ ਨਾ ਸਮਝਾਈ ਜਾ ਸਕਦੀ ਹੈ। ਕਵਿਤਾ ਲਿਖਣਾ ਪੜ੍ਹਨਾ ਆਪਣੇ ਆਪ ਨੂੰ ਸਿਆਨਣਾ ਹੈ। ਉਹ ਇਹ ਵੀ ਕਹਿੰਦਾ ਕਿ ਕਵਿਤਾ ਸਿਰਜਕ ਦੀ ਸ਼ਖ਼ਸੀਅਤ ਦਾ ਨਿਖੇਧ ਹੈ। ਮਿਰੋਸਲਾਵ ਹੋਲੁਬ ਕਵਿਤਾ ਨੂੰ ਅਸਫ਼ਲਤਾ ਦੇ ਪ੍ਰਤਿ ਇਕ ਵਚਨਬੱਧਤਾ ਕਹਿੰਦਾ ਹੈ। ਦੁਨੀਆਂ ਦੇ ਮਸ਼ਹੂਰ ਨਾਵਲਕਾਰ ਗੈਬਰੀਅਲ ਗਾਰਸ਼ੀਆ ਮਾਰਕੁਏਜ਼ ਨੇ ਨੋਬਲ ਪੁਰਸਕਾਰ ਸਮਾਰੋਹ 'ਚ ਆਪਣੇ ਤਿੰਨ ਮਿੰਟ ਦੇ ਭਾਸ਼ਣ 'ਕਵਿਤਾ ਦੀ ਪ੍ਰਸੰਸਾ' 'ਚ ਕਿਹਾ ਕਿ ਕਵਿਤਾ ਮਨੁੱਖ ਦੇ ਹੋਣ ਦਾ ਨਿਸ਼ਚਿਤ ਪ੍ਰਮਾਣ ਹੈ। ਪਾਬਲੋ ਨੈਰੂਦਾ ਕਵਿਤਾ ਦੀ ਗੁਣਤਾ ਬਾਰੇ ਕਹਿੰਦਾ ਹੈ ਕਿ ਮੈਨੂੰ ਉਹੋ ਜਿਹੀ ਕਵਿਤਾ ਪਸੰਦ ਹੈ ਜੋ ਗੁੰਨ੍ਹੀ ਮਿੱਟੀ ਵਰਗੀ ਹੋਵੇ ਤੇ ਜਿਸ 'ਚੋਂ ਪਾਣੀ ਗਾਉਂਦਾ ਹੋਇਆ ਸੁਣੇ । ਯੂਨਾਨੀ ਕਵੀ ਯਾਨਿਸ ਚਿਤਸੋਸ ਦਾ ਕਵਿਤਾ ਬਾਰੇ ਵਿਚਾਰ ਹੈ ਕਿ ਨਗਨ, ਸੰਗਾਊ, ਮਾਣਮੱਤੀ ਕਵਿਤਾ ਅਣਵਿਖਆਏ ਅਸਚਰਜ ਤੋਂ ਬਿਨਾ ਹੋਰ ਕੁੱਝ ਨਹੀਂ।

ਭਾਰਤੀ ਸਨਾਤਨੀ ਗਿਆਨ ਸ਼ਾਸਤਰ 'ਚ ਵੀ ਕਵਿਤਾ ਬਾਰੇ ਕਈ ਵਿਮਰਸ਼ ਮਿਲਦੇ ਹਨ। ਮਾਰਤੰਡ ਅਨੁਸਾਰ ਕਵੀ ਦਾ ਧਰਮ ਮਨੁੱਖ ਦੀ ਆਤਮਾ ਨੂੰ ਬਚਾਉਣਾ ਨਹੀਂ, ਬਚਾਉਣਯੋਗ ਬਣਾਉਣਾ ਹੈ। ਕਵਿਤਾ ਕਟੀ ਦਾ ਬਿਰਖ ਪਗ ਪੰਖਰੀ ਦੀ ਧਾਰ 'ਤੇ ਕੱਟਣ ਸਮਾਨ ਹੈ। ਫ਼ਾਰਸੀ ਉਰਦੂ ਦੇ ਮਹਾਨ ਸ਼ਾਇਰ ਮੁਹੰਮਦ ਇਕਬਾਲ ਨੇ ਭਰਥਰੀ ਦੇ ਇਸ ਸ਼ਲੋਕ ਦਾ ਅਨੁਵਾਦ ਕਰਦਿਆਂ ਲਿਖਿਆ ਹੈ;

*'ਫੂਲ ਕੀ ਪੱਤੀ ਸੇ ਕੱਟ ਸਕਤਾ ਹੈ ਹੀਰੇ ਕਾ ਜਿਗਰ,*
*ਮਰਦ ਏ ਨਾਦਾਂ ਪਰ ਕਲਾਮ ਏ ਨਰਮ ਓ ਨਾਜ਼ੁਕ ਬੇਅਸਰ'।*

ਰਮਾਇਣ ਦੇ ਕਰਤਾ ਭਵਭੂਤੀ ਦੇ ਕਹਿਣ ਅਨੁਸਾਰ ਕਵਿਤਾ ਅਜਰ ਅਮਰ ਹੁੰਦੀ ਹੈ। ਰਿਗ ਵੇਦ 'ਚ ਆਉਂਦਾ ਹੈ; 'ਆ ਨੋ ਭਦ੍ਰਾ: ਕ੍ਰਿਯੰਤੁ...ਭਾਵ ਚੰਗੇ ਵਿਚਾਰਾਂ ਦਾ ਸਾਨੂੰ ਸਾਰੇ ਪਾਸਿਓਂ ਸਵਾਗਤ ਕਰਨਾ ਚਾਹੀਦਾ ਹੈ। ਇਥੇ ਵਿਚਾਰ ਕਵਿਤਾ ਦੀ ਸੰਗਿਆ ਹੈ।

ਕਵਿਤਾ ਬਾਰੇ ਭਾਰਤੀ ਅਦਵੈਤ ਪਰੰਪਰਾ 'ਚ ਇਹ ਵੀ ਕਿਹਾ ਗਿਆ ਹੈ ਕਿ ਜੋ ਪਿੰਡ ਹੈ ਉਹੀ ਬ੍ਰਹਿਮੰਡ ਹੈ। ਇਸਦਾ ਚੈਤੰਨਯ ਪ੍ਰਸਾਰਿਤ ਹੋ ਰਿਹਾ ਹੈ। ਜੜ੍ਹ ਜਗਤ ਤੋਂ ਉਪਰ ਪ੍ਰਾਣ ਲੋਕ ਹੈ। ਉਸਦੇ ਉਪਰ ਮਨੋ ਲੋਕ। ਉਸਦੇ ਉਪਰ ਵਿਗਿਆਨ ਲੋਕ । ਉਸਦੇ ਉਪਰ ਆਨੰਦ ਲੋਕ । ਕਵਿਤਾ ਆਨੰਦ ਲੋਕ ਦਾ ਅਨੁਭਵ ਹੈ। ਕਵੀ ਅਜਾਤਸ਼ਤਰੂ ਨੇ ਗਾਰਗੀ ਨੂੰ ਕਿਹਾ ਕਿ ਬ੍ਰਹਮ ਦੇ ਦੋ ਰੂਪ ਨੇ; ਮੂਰਤ ਤੇ ਅਮੂਰਤ। ਅਮੂਰਤ ਵਾਯੂ ਤੇ ਅੰਤਰਿਕਸ਼ ਹੈ ਅਤੇ ਮੂਰਤ ਹੈ ਇਹ ਸਾਰਾ ਪ੍ਰਪੰਚ ਜੋ ਅੱਖਾਂ ਰਾਹੀਂ ਦਿੱਸਦਾ ਹੈ। ਕਾਲੀਦਾਸ ਇਸਨੂੰ ਅਨੁਭਵ ਕਹਿੰਦਾ ਹੈ। ਜਿਸ ਕੋਲ ਸਾਧਨ ਹੁੰਦੇ ਨੇ ਉਸ ਕੋਲ ਦ੍ਰਿਸ਼ਟੀ ਨਹੀਂ ਹੁੰਦੀ। ਜਿਸ ਕੋਲ ਦ੍ਰਿਸ਼ਟੀ ਹੁੰਦੀ ਹੈ...ਉਸ ਕੋਲ ਕੇਵਲ ਦ੍ਰਿਸ਼ਟੀ ਹੁੰਦੀ ਹੈ ਤੇ... ਸ਼ੂੰਨਯ ਹੁੰਦਾ ਹੈ। ਧਿਆਨ, ਧਾਰਣਾ ਤੇ ਸਮਾਧੀ ਇਕ ਹੋ ਜਾਣ ਦਾ ਯੋਗ ਹੈ। ਕਵਿਤਾ ਯੋਗ ਦਾ ਹੀ ਹੋਰ ਰੂਪ ਹੈ।

ਭਾਰਤੀ ਕਾਵਿ ਸ਼ਾਸਤਰੀ ਪਰੰਪਰਾ 'ਚ ਕਾਵਿ ਸਿਰਜਣਾ ਯਥਾਰਥ ਨੂੰ ਪ੍ਰਤਿਬਿੰਬਤ ਕਰਨਾ, 'ਬਾਹਰ' ਦਾ ਅੰਦਰੀਕਰਣ ਹੈ ਅਤੇ ਯਥਾਰਥ ਦਾ ਸਿਰਜਣ ਕਰਨਾ 'ਅੰਦਰ' ਦਾ ਬਾਹਰੀਕਰਣ ਹੈ। ਇਸ ਪਰੰਪਰਾ 'ਚ ਕਵੀ ਨੂੰ ਮਹਾਨ ਵਿਅਕਤੀ ਕਿਹਾ ਗਿਆ ਹੈ। ਇਸ ਤੋਂ ਇਲਾਵਾ ਕਵੀ ਇਸ ਲਈ ਮਹਾਨ ਹੈ ਕਿਉਂਕਿ ਮਹਾਨ ਮਨੁੱਖ ਭਿੰਨ ਭਿੰਨ ਚੀਜ਼ਾਂ ਨਹੀਂ ਦੇਖਦੇ ਬਲਕਿ ਚੀਜ਼ਾਂ ਨੂੰ ਭਿੰਨਤਾ ਨਾਲ ਦੇਖਦੇ ਹਨ । ਮਹਾਨ ਮਨੁੱਖ ਜਿੰਨਾਂ ਆਪਣੇ ਆਪ ਨੂੰ ਜਾਣਦਾ ਹੈ ਓਨਾਂ ਹੀ ਉਹ ਆਪਣੀ ਅਗਿਆਨਤਾ ਨੂੰ ਜਾਣ ਰਿਹਾ ਹੁੰਦਾ ।

ਕਵਿਤਾ ਨੂੰ ਅਧਿਆਤਮ ਨਾਲ ਜੋੜ ਕੇ ਵੀ ਦੇਖਿਆ ਗਿਆ ਹੈ। ਅਧਿਆਤਮਕ ਅਨੁਭਵ ਕਿਸੇ ਜੜ੍ਹਭੂਤ ਧਾਰਮਿਕ ਵਿਆਕਰਣ ਦਾ ਮੋਹਤਾਜ ਨਹੀਂ। ਏਸੇ ਕਰਕੇ ਸ਼ਾਇਦ ਕਵਿਤਾ ਦੇ ਪ੍ਰਸੰਗ 'ਚ ਮਸ਼ਹੂਰ ਹੈ ਕਿ ਜਿਸ ਸ਼ਖ਼ਸ ਨੇ ਕਿਸੇ ਹੋਰ ਦੇ ਵਿਸ਼ੇਸ਼ ਵਿਚਾਰਾਂ 'ਚ ਆਪਣੇ ਆਪ ਨੂੰ ਸੁਰੱਖਿਅਤ ਰੱਖਣ ਦਾ ਇਰਾਦਾ ਕਰ ਲਿਆ ਹੋਵੇ ਉਹ ਕਵਿਤਾ ਤੇ ਪ੍ਰੇਮ ਤੋਂ ਦੂਰ ਹੀ ਰਹੇ। ਅਥਰਵ ਵੇਦ 'ਚ 10:8:32 ਰਿਚਾ 'ਚ ਕਿਹਾ ਗਿਆ ਹੈ; 'ਪਸਯਦੇਵਸਯਕਾਵਯੰ ਨ ਮਮਾਰ ਨ ਜੀਰਤੀ' ਭਾਵ ਦੇਵਤਿਆਂ ਦੀ ਕਵਿਤਾ ਦੇਖੋ ਨਾ ਮਰਦੀ ਹੈ ਨਾ ਖੀਣ ਹੁੰਦੀ ਹੈ।

ਕਾਵਿ ਸ਼ਾਸਤਰ ਪਰੰਪਰਾ 'ਚ ਅਚਾਰਯ ਦੰਡੀ ਕਹਿੰਦਾ ਹੈ; 'ਵਾਚਾਮੇਵ ਪ੍ਰਸਾਦੇਨ ਲੋਕਯਾਤ੍ਰਾ ਪ੍ਰਵਰਤਤੇ' ਭਾਵ ਭਾਸ਼ਾ ਸ਼ਬਦ ਤੇ ਵਾਕ ਦੇ ਪ੍ਰਸਾਦ ਨਾਲ ਹੀ ਲੋਕਧਾਰਾ ਸੰਭਵ ਹੈ। ਭਗਤੀ ਪਰੰਪਰਾ 'ਚ ਇਸ ਕਾਵਿ ਸਿਰਜਣ ਦੀ ਪਰਿਭਾਸ਼ਾ ਨੂੰ ਅਕੱਥ ਕਥਾ ਕਿਹਾ ਹੈ । ਕਬੀਰ ਕਹਿੰਦੇ ਨੇ; 'ਜਸ ਤੂੰ ਤਸ ਤੋਹਿ ਕੋਈ ਨਾ ਜਾਨਾ । ਲੋਕ ਕਹੈਂ ਸਭ ਆਨਹਿ ਆਨਾ' ।

ਕਵਿਤਾ ਤੇ ਜਿਉਣਾ ਦੋ ਅਲੱਗ ਵਿਸ਼ੇ ਨਹੀਂ। ਲੋਰਕਾ ਦਾ ਕਹਿਣਾ ਹੈ ਕਿ ਕਵੀ ਦਾ ਇਕੋ ਇਕ ਸੱਚ ਹੁੰਦਾ ਹੈ ਉਸਦੀ ਆਤਮ-ਪ੍ਰੇਰਣਾ। ਉਸਦੇ ਅੰਦਰਲਾ ਸੱਚਾ ਸੁੱਚਾ ਅਨੁਭਵ। ਇਸ ਸੱਚ ਦਾ ਸਾਹਮਣਾ ਇਕ ਖ਼ਤਰਨਾਕ ਪ੍ਰਕਿਰਿਆ ਹੈ। ਐਲਬੇਅਰ ਕਾਮੂ ਕਹਿੰਦੈ ਕਿ ਅੱਜ ਸਿਰਜਣਾ ਦਾ ਅਰਥ ਹੈ ਖ਼ਤਰਨਾਕ ਤੌਰ 'ਤੇ ਸਿਰਜਣਾ ਕਰਨਾ।

ਸਿਰਜਣਾਤਮਕ ਪ੍ਰਕਿਰਿਆ ਖ਼ਤਰਨਾਕ ਪ੍ਰਕਿਰਿਆ ਹੈ। ਕਵਿਤਾ ਸਿਰਜਣ ਲਈ ਖ਼ਤਰਨਾਕ ਢੰਗ ਨਾਲ ਜਿਉਣਾ ਪੈਂਦਾ ਹੈ। ਇਸੇ ਲਈ ਕਵੀ ਆਮ ਬੰਦੇ ਨਾਲੋਂ ਅਲੱਗ ਹੁੰਦੈ। ਫ਼ਰਾਂਸਿਸੀ ਅਵਾਂਗਾਰਦ ਕਵੀ ਆਰਥਰ ਰਿੰਬੋ ਕਹਿੰਦਾ ਹੈ ਕਿ ਜੋ ਵੀ ਕਵੀ ਬਣਨਾ ਚਾਹੁੰਦੈ, ਉਹਦੇ ਲਈ ਪਹਿਲਾ ਕੰਮ ਆਪਣੇ ਆਪ ਨੂੰ ਜਾਣਨਾ, ਉਹ ਵੀ ਸਾਰਾ। ਜਾਂ ਪਾਲ ਸਾਰਤਰ ਨੇ ਤੁਰਕੀ ਕਵੀ ਨਾਜ਼ਿਮ ਹਿਕਮਤ ਬਾਰੇ ਬੋਲਦਿਆਂ ਕਿਹਾ ਸੀ ਕਿ ਕਵੀ ਲਈ ਕਦੇ ਵੀ ਕੁਝ ਖ਼ਤਮ ਨਹੀਂ ਹੁੰਦਾ। ਉਸਨੂੰ ਪਤਾ ਹੁੰਦਾ ਕਿ ਮਨੁੱਖ ਨੂੰ ਆਪਣੇ ਵੈਰੀਆਂ ਨਾਲ ਲਗਾਤਾਰ ਯੁੱਧ ਕਰਕੇ ਆਪਣਾ ਆਪ ਸਿਰਜਣਾ ਪੈਂਦਾ। ਭਵਭੂਤੀ ਨੇ 'ਰਮਾਇਣ' 'ਚ ਕਵੀ ਨੂੰ ਸੀਤਾ ਦੇ ਬਰਾਬਰ ਦਰਜਾ ਦਿੰਦਿਆਂ ਕਿਹਾ ਹੈ ਕਿ ਕਵੀਆਂ ਤੇ ਔਰਤਾਂ 'ਤੇ ਤੋਹਮਤਾਂ ਲਗਦੀਆਂ ਰਹਿੰਦੀਆਂ ਨੇ ।

ਕਵੀ ਸ਼ਬਦਾਂ ਨੂੰ ਕਵਿਤਾ ਰਾਹੀਂ ਉਨ੍ਹਾਂ ਦੇ ਅਰਥ ਵਾਪਿਸ ਕਰਦਾ। ਕਵੀ ਪ੍ਰਾਵਰਜ ਸੰਤਾਂ ਵਾਂਗ 'ਚਰਨ ਚਰਨ ਵੈ ਮਧੁਵਦੰਤੀ...' ਭਾਵ ਤੁਰਦਿਆਂ ਫਿਰਦਿਆਂ ਹੀ ਜੀਵਨ ਦਾ ਮਧੂ ਭਾਵ ਅਨੁਭਵ ਪ੍ਰਾਤਪ ਕਰਦਾ ਹੈ ਜੋ ਸ਼ਬਦਾਂ ਰਾਹੀਂ ਉਸਦੀ ਕਵਿਤਾ 'ਚ ਢਲਦਾ ਹੈ। ਭਾਸ਼ਾ ਨੂੰ ਕਵਿਤਾ ਤੇ ਜੀਵਨ ਨੂੰ ਉਸਦੀ ਭਾਸ਼ਾ। ਚੰਗੇ ਕਵੀ ਲਈ ਕਵਿਤਾ ਵਿਧਾ ਨਹੀਂ ਰਹਿ ਜਾਂਦੀ, ਵਿਅਕਤਤਿਤਵ ਬਣ ਜਾਂਦੀ ਹੈ। ਅਭਿਵਿਅਕਤੀ ਨਹੀਂ ਰਹਿ ਜਾਂਦੀ, ਅਸਤਿੱਤਵ ਬਣ ਜਾਂਦੀ ਹੈ। ਕਵੀ ਕੇਂਦਰੀ ਪ੍ਰਸ਼ਨਾਂ ਬਾਰੇ ਹਾਸ਼ੀਏ ਤੋਂ ਗੱਲ ਕਰਦਾ ਹੈ। ਕਵੀ ਸ਼ਬਦਾਂ ਰਾਹੀਂ ਉਨ੍ਹਾਂ ਦੇ ਅਰਥ ਵਾਪਿਸ ਕਰਦਾ ਹੈ। ਕਵੀ ਕਵਿਤਾ ਨਹੀਂ ਆਪਣੇ ਆਪ ਨੂੰ ਲਿਖਣ ਲਗਦਾ ਹੈ । ਪਰ ਕੀ ਆਪਣੇ ਆਪ ਨੂੰ ਲਿਖਣ ਨਾਲ ਕਵਿਤਾ ਬਣ ਜਾਂਦੀ ਹੈ? ਕਵਿਤਾ ਲਿਖਣ ਤੋਂ ਪਹਿਲਾਂ ਕਵੀ ਨੂੰ ਆਪਣਾ ਆਪ ਵੀ ਸਿਰਜਣਾ ਪੈਂਦਾ? ਰਸੂਲ ਹਮਜ਼ਾਤੋਵ ਕਵੀ ਨੂੰ ਇਸ ਸ੍ਰਿਸ਼ਟੀ ਦੇ ਰਚੈਤਾ ਤੋਂ ਵੀ ਵੱਡਾ ਸਿਰਜਕ ਮੰਨਦਾ ਹੋਇਆ ਕਹਿੰਦਾ ਹੈ ਕਿ ਕਵੀ ਸ੍ਰਿਸ਼ਟੀ ਦੀ ਰਚਨਾ ਤੋਂ ਸੌ ਸਾਲ ਪਹਿਲਾਂ ਪੈਦਾ ਹੋਇਆ ਸੀ।

ਕਵਿਤਾ ਅਜਿਹਾ ਪ੍ਰਗਟਾਵਾ ਹੈ ਜੋ ਉਪਰੋਂ ਪੂਰਾ ਹੋਣ ਦੇ ਬਾਵਜੂਦ ਅਧੂਰਾ ਲਗਦਾ ਏ। ਕਵੀ ਹਮੇਸ਼ਾ ਅਸੰਭਵ ਦਾ ਸੁਪਨਾ ਦੇਖਦਾ ਹੈ। ਕਵੀ ਕਦੇ ਵੀ ਪੂਰਾ ਨਹੀਂ ਲਿਖ ਪਾਉਂਦਾ। ਜੋ ਵੀ ਲਿਖਦਾ ਅਧੂਰਾ ਰਹਿੰਦਾ ਭਾਵੇਂ ਕਿ ਪਾਠਕ ਨੂੰ ਇਹ ਪੂਰਾ ਲਗਦਾ। ਕਵਿਤਾ ਦੇ ਪ੍ਰਸੰਗ ਜਿੱਥੇ ਕਵੀ ਦਾ ਸਿਰਜਣ ਮਹੱਤਵਪੂਰਣ ਹੈ ਉਥੇ ਪਾਠਕ ਦਾ ਪਠਨ ਵੀ ਓਨਾਂ ਹੀ ਮਹੱਤਵਪੂਰਣ ਹੈ। ਪਾਠਕ ਕਵਿਤਾ/ਕਵੀ ਨੂੰ ਜਾਨਣ ਲਈ ਨਹੀਂ ਪੜ੍ਹਦਾ ਬਲਕਿ ਉਹ ਕਵਿਤਾ ਆਪਣੇ ਆਪ ਨੂੰ ਜਾਨਣ ਲਈ ਪੜ੍ਹਦਾ ਹੈ। ਸਿਰਜਣ, ਅਵਤਰਣ ਭਾਵ ਹੇਠਾਂ ਉਤਰਣ ਦੀ ਪ੍ਰਕਿਰਿਆ ਹੈ ਤੇ ਪਠਨ, ਉੱਦਾਰ ਭਾਵ ਉਪਰ ਉੱਠਣ ਦੀ ਪ੍ਰਕਿਰਆ। ਕਵੀ ਕਵਿਤਾ ਸਿਰਜਣ ਰਾਹੀਂ ਧਰਤੀ 'ਤੇ ਉਤਰਦਾ ਹੈ ਤੇ ਪਾਠਕ ਕਵਿਤਾ ਪੜ੍ਹਦਿਆਂ ਆਪਣਾ ਉਦਾਰ ਕਰ ਰਿਹਾ ਹੁੰਦਾ ਹੈ। ਦੋਵੇਂ ਹੀ ਕਰਤਾਰੀ ਪਲਾਂ ਨੂੰ ਹੰਡਾਅ ਰਹੇ ਹੁੰਦੇ ਹਨ। ਕਵੀ ਹੀ ਕਵਿਤਾ ਨਹੀਂ ਸਿਰਜਦਾ ਸਗੋਂ ਪਾਠਕ ਵੀ ਕਵਿਤਾ ਸਿਰਜਦਾ ਹੈ। ਕਵੀ ਕਵਿਤਾ ਲਿਖਦਿਆਂ ਪੜ੍ਹ ਰਿਹਾ ਹੁੰਦਾ ਤੇ ਪਾਠਕ ਕਵਿਤਾ ਪੜ੍ਹਦਿਆਂ ਲਿਖ ਰਿਹਾ ਹੁੰਦਾ। ਰੋਲਾਂ ਬਾਰਥ ਇਸ ਪ੍ਰਕਿਰਿਆ ਨੂੰ ਲੇਖਕ ਦੀ ਮੌਤ ਕਹਿੰਦਾ ਹੈ ਕਿਉਂਕਿ ਇਸ ਮਰਨ 'ਚ ਪਾਠਕ ਸਿਰਜਕ/ਕਵੀ ਵਜੋਂ ਜਨਮ ਲੈ ਰਿਹਾ ਹੁੰਦਾ ਹੈ। ਸੰਸਕ੍ਰਿਤ ਦਾ ਇਕ ਸ਼ਲੋਕ ਹੈ ਜੋ ਪਾਠਕ ਦੇ ਮਹੱਤਵ ਨੂੰ ਸਪੱਸ਼ਟ ਕਰਦਾ ਏ। ਸ਼ਲੋਕ ਦਾ ਸਾਰ ਹੈ ਕਿ ਜਿਵੇਂ ਕਿਸੇ ਇਸਤਰੀ ਦੇ ਯੌਵਨ ਦਾ ਆਨੰਦ ਉਸਦੇ ਪਿਤਾ ਨੂੰ ਨਹੀਂ ਸਗੋਂ ਪਤੀ ਨੂੰ ਮਿਲਦਾ ਏ ਉਵੇਂ ਹੀ ਰਚਨਾ ਦਾ ਆਨੰਦ ਪਾਠਕ ਨੂੰ ਮਿਲਦਾ ਹੈ।

ਕਿਸੇ ਕਵਿਤਾ ਦੀ ਸਤੱਹ ਕੋਈ ਕਵੀ ਕਿਵੇਂ ਨਿਸ਼ਚਿਤ ਕਰ ਸਕਦੈ ? ਕਵਿਤਾ ਆਪਣੇ ਹੀ ਅਭਾਵ ਦਾ ਪਰਿਣਾਮ ਹੁੰਦੀ ਹੈ। ਹਰ ਕਵਿਤਾ ਆਪਣੇ ਅੰਦਰ ਇਕ ਟੋਇਆ ਪੁੱਟਣ ਵਾਂਗ ਹੁੰਦੀ ਹੈ ਜਿਸਨੂੰ ਭਰਣ ਲਈ ਨਵੀਂ ਕਵਿਤਾ ਲਿਖੀ ਜਾਂਦੀ ਹੈ। ਇਸ ਤਰ੍ਹਾਂ ਕਾਵਿ ਸਿਰਜਣ ਹਮੇਸ਼ਾ ਅਧੂਰਾ ਰਹਿੰਦਾ ਹੈ। ਕਵਿਤਾ ਆਪਣੀ ਅਪੂਰਣਤਾ ਦੀ ਚੌਕਸੀ ਹੈ। ਕਵਿਤਾ ਸੁੰਦਰਤਾ, ਸੰਘਰਸ਼, ਸੱਚ ਤੇ ਨਿਆਂ ਵਿਚਲੀਆਂ ਦੂਰੀਆਂ ਨੂੰ ਘੱਟ ਕਰਦੀ ਹੈ। ਨਾਉਮੀਦੀ 'ਚ ਘਿਰੀ ਹੋਣ ਦੇ ਬਾਵਜੂਦ ਕਵਿਤਾ ਅੰਤ ਉਮੀਦ ਦੀ ਵਿਧਾ ਹੈ। ਕੋਈ ਕਵਿਤਾ ਤਾਂ ਹੀ ਪੂਰੀ ਤਰ੍ਹਾਂ ਜੀਵੰਤ ਹੁੰਦੀ ਹੈ ਜਦੋਂ ਉਹ ਭਾਸ਼ਾ ਦੇ ਤਰਕ ਅਤੇ ਅਧਿਕਾਰਿਕਤਾ ਤੋਂ ਆਪਣੇ ਆਪ ਨੂੰ ਪੂਰੀ ਤਰ੍ਹਾਂ ਮੁਕਤ ਕਰ ਲੈਂਦੀ ਹੈ। ਕਵਿਤਾ ਆਤਮ ਦੇ ਹਸਤਾਖੇਪ ਦੀ ਚੇਸ਼ਟਾ ਕਰਦੀ ਹੈ। ਭਾਸ਼ਾ ਦੀ ਸੰਰਚਨਾ 'ਚ ਦਰਾਰ ਪਾ ਕੇ ਜੇ ਅਜਿਹਾ ਹਸਤਾਖੇਪ ਨਹੀਂ ਹੋਵੇਗਾ ਤਾਂ ਕਵਿਤਾ ਸਿਰਫ਼ ਆਤਮ ਦਾ ਦਰਪਣ ਬਣਕੇ ਰਹਿ ਜਾਵੇਗੀ। ਕਵਿਤਾ 'ਚ ਕੱਥ ਮਹੱਤਵਪੂਰਣ ਨਹੀਂ ਹੁੰਦਾ ਪਰ ਕਵਿਤਾ ਕਹਾਣੀ ਘੜ੍ਹਦੀ ਬਾਤ ਪਾਉਂਦੀ ਹੈ। ਅਮੂਰਤ ਇਸਦਾ ਤਰਕ ਹੈ। ਇਸਦਾ ਪ੍ਰਕੇਵਲ/ਨਿਰਪੇਖ ਪ੍ਰਗਟਾਵਾ ਰੱਬ ਹੀ ਹੋ ਸਕਦਾ ਹੈ। ਕਵਿਤਾ 'ਚ ਕਲਪਿਤ ਯਥਾਰਥ ਹੋ ਜਾਂਦਾ ਏ। ਇਸ ਜ਼ਰੀਏ ਸਵੈ ਨੂੰ ਜਾਣਿਆ ਜਾਂਦਾ ਹੈ। ਇਸ ਰਾਹੀਂ ਇਹ ਵੀ ਪਤਾ ਚੱਲਦਾ ਹੈ ਕਿ ਦੂਜਾ ਕੀ ਦੇਖ/ਸੋਚ ਰਿਹੈ । ਇਹ ਕਵਿਤਾ ਰਾਹੀਂ ਸ਼ਬਦ ਦੀ ਕ੍ਰੀੜਾ ਹੈ। ਪਰ ਕਵਿਤਾ ਬਹੁਤ ਜ਼ਿਆਦਾ ਸੱਚ ਨਹੀਂ ਦੱਸਦੀ ਕਿਉਂਕਿ ਬੰਦਾ ਬਹੁਤ ਜ਼ਿਆਦਾ ਸੱਚ ਸਹਿਣ ਦਾ ਆਦੀ ਨਹੀਂ। ਲੇਕਿਨ ਕਵਿਤਾ ਦਾ ਇਹ ਸੱਚ ਹੈ ਕਿ ਕਵਿਤਾ ਸਾਨੂੰ ਝੂਠ ਤੇ ਫ਼ਰੇਬ ਤੋਂ ਬਚਾਉਂਦੀ ਹੈ।

ਕਵਿਤਾ ਦਾ ਪ੍ਰਕਾਰਜ ਹੈ ਸਾਰੀ ਆਤਮਪਰਕਤਾ ਦਾ ਪੁਨਰਵਾਸ ਕਰਨਾ ਤੇ ਆਤਮਪਰਕਤਾ ਦੇ ਅਹਿਸਾਸ


ISSN : 2395-1273

ਨੂੰ ਸਮੂਹਿਕਤਾ ਨਾਲ ਜੋੜਨਾ। 'ਮੈਂ' ਨੂੰ 'ਅਸੀਂ' ਕਰਨਾ। ਕਵਿਤਾ ਇਨ੍ਹਾਂ ਦੋਹਾਂ ਦੇ ਤਣਾਵਾਂ ਤੇ ਸਬੰਧਾਂ ਨੂੰ ਆਤਮਸਾਤ ਕਰਦੀ ਹੈ। ਇਕ ਵਿਸ਼ਾਲ ਵਿਵਸਥਾ 'ਚ ਛੋਟੀ ਜਿਹੀ ਵਿਵਸਥਾ ਕਾਇਮ ਕਰਨਾ ਕਵਿਤਾ ਦਾ ਪ੍ਰਕਾਰਜ ਹੈ। ਜਯਾਂ ਮਾਰਗਰੀਤ ਅਨੁਸਾਰ ਇਸ ਵਿਵਸਥਾ 'ਚ ਤੀਬਰਤਾ ਮਹੱਤਵਪੂਰਣ ਹੈ। ਇਹ ਇਕ ਮਕਾਨ ਦੀ ਤਰ੍ਹਾਂ ਨਾ ਸੁਤੰਤਰ ਬਣਾਈ ਜਾਂਦੀ ਏ ਨਾ ਬੇਕਾਰ, ਨਾ ਮੌਲਿਕ ਤੇ ਨਾ ਭਵਯ। ਕਵਿਤਾ ਦਾ ਕੰਮ ਲੋਕਾਂ ਨੂੰ ਇਹ ਦੱਸਣਾ ਨਹੀਂ ਕਿ ਕੀ ਕਰਨਾ ਚਾਹੀਦਾ ਹੈ ਬਲਕਿ ਚੰਗਿਆਈ ਤੇ ਬੁਰਾਈ ਬਾਰੇ ਸਾਡਾ ਗਿਆਨ ਫੈਲਾਉਣਾ ਤੇ ਵਿਸ਼ਾਲ ਕਰਨਾ ਹੈ। ਸ਼ਾਇਦ ਕੁਝ ਕਰਣ ਦੀ ਜ਼ਰੂਰਤ ਨੂੰ ਵੱਧ ਜ਼ਰੂਰੀ ਅਤੇ 'ਕਰਣ' ਦੀ ਪ੍ਰਕਿਰਤੀ ਨੂੰ ਅਧਿਕ ਸਪੱਸ਼ਟ ਕਰਨਾ। ਕਵਿਤਾ ਦਾ ਕੰਮ ਸਾਨੂੰ ਓਥੇ ਪਹੁੰਚਾਣਾ ਹੈ ਜਿਥੇ ਅਸੀਂ ਅਧਿਕ ਤਾਰਕਿਕ ਤੇ ਨੈਤਿਕ ਚੋਣ ਕਰ ਸਕੀਏ। ਔਕਤੋਵੀਓ ਪਾਜ਼ ਕਹਿੰਦਾ ਹੈ ਕਿ ਕਵਿਤਾ ਸਾਨੂੰ ਸੂਖ਼ਮ, ਅਛੋਹ ਤੇ ਅਗੋਚਰ ਦੇ ਨੇੜੇ ਲਿਆਉਂਦੀ ਹੈ। ਇਸਦੇ ਉਲਟ ਪੋਲਿਸ਼ ਕਵੀ ਚੈਸਵਾਫ਼ ਮੀਵੋਸ਼ ਦਾ ਵਿਚਾਰ ਹੈ ਕਿ ਉਸ ਕਵਿਤਾ ਦਾ ਕੋਈ ਅਰਥ ਨਹੀਂ ਜੋ ਆਪਣੀ ਕੌਮ ਤੇ ਦੇਸ਼ ਦਾ ਬਚਾਅ ਨਾ ਕਰ ਸਕੇ।

ਕਵਿਤਾ ਦੀ ਕਲਾ ਹੈ ਕਾਵਿਕਾਰੀ। ਜਿਸਦਾ ਭਾਵ ਏ, ਸ਼ਬਦ ਦੀ ਪੂਰਣਤਾ ਨੂੰ ਪਾਉਣਾ। ਦਿਸਦਾ ਸ਼ਬਦ ਪੂਰਣ ਨਹੀਂ। ਸ਼ਬਦ ਦੀ ਪੂਰਣਤਾ, ਸ਼ਬਦ ਦੇ ਪਾਰ ਹੈ। ਅਦਿੱਖ। ਕਈ ਵਾਰ ਓਸ ਤੋਂ ਵੀ ਪਰ੍ਹਾਂ। ਸ਼ਬਦਾਂ ਨੂੰ ਥੋੜ੍ਹਾ ਅਸੱਭਿਅਕ ਹੋਣਾ ਹੀ ਪੈਂਦਾ ਹੈ ਕਿਉਂਕਿ ਇਹ ਵਿਚਾਰਾਂ ਦਾ ਗ਼ੈਰਵਿਚਾਰਾਂ 'ਤੇ ਹਮਲਾ ਹੁੰਦਾ ਹੈ। ਸ਼ਬਦਾਂ ਤੋਂ ਪਾਰ ਦੇ ਅਧਿਆਤਮ ਨੂੰ ਪ੍ਰਾਪਤ/ਦਿਸਦੀ ਸ਼ਬਦ-ਸਮਰੱਥਾ ਤੋਂ ਪਰ੍ਹਾਂ ਜਾ ਕੇ ਫੜ੍ਹਨਾ, ਕਵਿਤਾ ਹੈ। ਏਸ ਅਧਿਆਤਮ 'ਚ ਸਵੈ ਤੋਂ ਲੈ ਕੇ ਪਰ ਤਕ ਦੇ ਸਾਰੇ ਵਰਤਾਰੇ ਸ਼ਾਮਿਲ ਹੁੰਦੇ ਨੇ। ਕਾਵਿਕਾਰੀ, ਕਿਸੇ ਪਰਦਾਦਾਰੀ ਜਾਂ ਪਰਹੇਜ਼ਗਾਰੀ ਦੀ ਕਾਇਲ ਨਹੀਂ। ਵਿਚਾਰ, ਵਿਚਾਰਧਾਰਾ ਨਹੀਂ ਹੁੰਦਾ। ਕਵਿਤਾ ਵਿਚਾਰਧਾਰਾ ਦਾ ਉਪਚਾਰ ਹੈ। ਵਿਚਾਰ ਬਹੁਤ ਪਰ੍ਹਾਂ ਦਾ ਵਰਤਾਰਾ ਹੈ ਪਰ ਕਾਵਿਕਾਰੀ ਨੂੰ ਕੋਈ ਝਿਜਕ ਨਹੀਂ ਕਿ ਕਿਹੜਾ ਵਿਚਾਰ, ਵਿਹਾਰ ਜਾਂ ਵਸਤੂ ਜਾਇਜ਼ ਹੈ, ਸੀਮਤ ਜਾਂ ਦੂਸ਼ਿਤ। ਇਸਨੂੰ 'ਜੋ' ਭਾਉਂਦਾ, ਜੱਚਦਾ ਬੇਖਟਕ ਇਸਦੇ ਕੋਲ ਆ ਜਾਂਦਾ ਪਰ ਇਸ 'ਜੋ' ਨੂੰ ਪਰਿਭਾਸ਼ਿਤ ਕਰਨਾ ਔਖੈ। ਇਸਦਾ ਕੋਈ ਰੂਪ, ਅਕਾਰ ਤੇ ਵਜੂਦ ਨਹੀਂ ਹੁੰਦਾ। ਇਹ ਆਪਣੇ ਅਮੂਰਤਨ ਦੇ ਬਾਵਜੂਦ ਵੀ ਸਮਝ ਆਉਂਦੈ ਜਿਵੇਂ ਮਾਦੇ ਅੰਦਰਲੇ ਆਤਮ ਨੂੰ ਪ੍ਰਤੱਖਿਆ...ਭਾਸਿਆ ਜਾ ਸਕਦਾ ਕਿਉਂਕਿ ਇਹ 'ਜੋ' ਆਪਣੀ ਕਾਵਿ-ਭਾਸ਼ਾ, ਸ਼ਿਲਪ, ਸ਼ੈਲੀ, ਵਿਧੀ ਤੇ ਸ਼ਬਦਕਾਰੀ ਆਪਣੇ ਨਾਲ ਹੀ ਲੈ ਕੇ ਆਉਂਦਾ। ਨਿਰਉਚੇਚ। ਸਹਿਜ ਭਾਵ। ਸਹਿਜ ਹੀ ਸਿਰਜਣਾ ਏ। ਏਸ ਸਿਰਜਣ 'ਚ ਹੀ ਜਿਊਣ ਹੈ। ਇਹ ਹੀ ਜੀਵਨ-ਮਰਨ...! ਕਵਿਤਾ ਲਿਖੇ ਜਾਣ ਤੋਂ ਬਾਅਦ, ਕਵੀ ਦਾ ਉਸ ਨਾਲ ਕੋਈ ਬਹੁਤਾ ਵਾਸਤਾ ਨਹੀਂ ਰਹਿੰਦਾ। ਕਿਉਂਕਿ ਕਵੀ ਦੀ ਭੂਮਿਕਾ ਆਪਣਾ ਆਪ ਹੰਢਾਅ ਚੁੱਕੀ ਹੁੰਦੀ ਹੈ। ਲਿਖੇ ਜਾਣ ਬਾਅਦ ਕਵਿਤਾ ਆਪ ਖ਼ੁਦਮੁਖ਼ਤਾਰ ਹੈ। ਉਸ ਨੂੰ ਕਿਸੇ ਦੀ ਟੇਕ ਨਹੀਂ। ਜੇ ਟੇਕ ਦੀ ਲੋੜ ਹੀ ਪੈ ਗਈ ਤਾਂ ਫਿਰ ਕਵਿਤਾ ਦੀ ਆਪਣੀ ਹੋਂਦ ਕੀ ਹੋਈ...?

ਸਾਹਿਤਕ ਵਿਧਾਵਾਂ 'ਚੋਂ ਕਵਿਤਾ ਸਭ ਤੋਂ ਔਖੀ ਵਿਧਾ ਹੈ। ਅਸ਼ਪਸ਼ਟਤਾ ਕਵਿਤਾ ਦੇ ਸੌਂਦਰਯ ਸ਼ਾਸਤਰ ਦਾ ਅਨਿਖੜਵਾਂ ਅੰਗ ਹੈ। ਪਾਸਕਲ ਕਹਿੰਦਾ ਹੈ ਸਾਡੇ 'ਤੇ ਅਸਪੱਸ਼ਟਤਾ ਦਾ ਦੋਸ਼ ਨਾ ਲਾਓ। ਇਹ ਸਾਡਾ ਈਮਾਨ ਹੈ। ਟੀ. ਐੱਸ. ਈਲੀਅਟ ਕਹਿੰਦਾ; ਪਾਠਕ ਨੂੰ ਸਮਝਾਉਣਾ ਜਾਂ ਸੱਚ ਵਿਖਾਉਣਾ ਕਵਿਤਾ ਦੀ ਪਹੁੰਚ ਤੋਂ ਬਾਹਰਲੇ ਵਿਸ਼ੇ ਨੇ। ਕਵਿਤਾ ਸਮਝ ਆਉਣ ਤੋਂ ਪਹਿਲਾਂ ਵੀ ਪੱਲੇ ਪੈ ਸਕਦੀ ਹੈ। ਇਸੇ ਤਰ੍ਹਾਂ ਪੇਂਟਿੰਗ ਦੀ ਭਾਸ਼ਾ ਬਾਰੇ ਪਾਬਲੋ ਪਿਕਾਸੋ ਨੇ ਕਿਹਾ ਕਿ ਅੱਜ ਕੱਲ੍ਹ ਦੀ ਦੁਨੀਆ ਦੇ ਅਰਥ ਸਮਝ ਨਹੀਂ ਆਉਂਦੇ ਤਾਂ ਮੈਂ ਅਜਿਹੀ ਪੇਂਟਿੰਗ ਕਿਉਂ ਬਣਾਵਾਂ ਜੋ ਸਮਝ ਆਏ। ਇਸ ਲਈ ਕਵਿਤਾ ਦੀ ਭਾਸ਼ਾ ਸਮਰਥਨ ਦੀ ਭਾਸ਼ਾ ਨਹੀਂ ਹੁੰਦੀ। ਰੈਨੇ ਮਾਗਰੀਤੇ ਅਨੁਸਾਰ ਪੇਂਟਿੰਗਜ਼ 'ਚ ਕੋਈ ਅਰਥ ਨਹੀਂ ਨੇ ਬਲਕਿ ਇਹ ਆਪਣੇ ਆਪ 'ਚ ਅਰਥ ਨੇ। ਪੇਟਿੰਗ ਵਿਚਾਰਾਂ ਦੀ ਚੁੱਪ ਤੇ ਦ੍ਰਿਸ਼ ਦਾ ਸੰਗੀਤ ਹੈ।

ਕਵਿਤਾ ਲਈ ਬਿੰਬ ਤੇ ਰੂਪਕ ਜ਼ਰੂਰੀ ਨਹੀਂ। ਪਰ ਬਿੰਬਾਂ ਤੇ ਰੂਪਕਾਂ ਦੀ ਹੋਂਦ ਕਵਿਤਾ ਕਾਰਣ ਹੀ ਹੈ। ਸੀ.ਡੀ. ਲੀਵੀਸ ਕਹਿੰਦਾ ਹੈ ਕਿ ਬਿੰਬ ਸ਼ਬਦਾਂ 'ਚ ਉਤਾਰੀ ਤਸਵੀਰ ਹੈ। ਬਿੰਬ ਤੇ ਰੂਪਕ ਕਵੀ ਦੁਆਰਾ ਉਸਦੇ ਬਾਹਰ ਪਈਆਂ ਵਸਤਾਂ ਪ੍ਰਤੀ ਉਸਦਾ ਹਮਦਰਦੀ ਭਰਿਆ ਸਨੇਹ ਹੈ। ਕਈ ਵਾਰ ਕਈ ਬਿੰਬ ਖਿੱਚ ਧੂਹ ਕੇ ਬਣਾਏ ਹੁੰਦੇ ਹਨ।

ਕਵਿਤਾ ਫੈਸ਼ਨ ਨਹੀਂ। ਬੌਂਦਲੀਆਰਦ ਕਹਿੰਦਾ ਹੈ ਜੋ ਫੈਸ਼ਨ 'ਚ ਨਹੀਂ ਰਹਿੰਦਾ ਉਹ ਰੋਜ਼ਮੱਰਾ ਦੀ ਜ਼ਿੰਦਗੀ 'ਚ ਚਲਾ ਜਾਂਦਾ ਅਤੇ ਜੋ ਰੋਜ਼ਮੱਰਾ ਦੀ ਜ਼ਿੰਦਗੀ 'ਚੋਂ ਗ਼ਾਇਬ ਹੋ ਜਾਂਦਾ ਉਹ ਫੈਸ਼ਨ 'ਚ ਪੁਨਰਜੀਵਤ ਹੋ ਜਾਂਦਾ। ਇਹ ਪਾਬਲੋ ਪਿਕਾਸੋ ਦੇ ਕਲਾ ਦੀ ਭਾਸ਼ਾ 'ਚ ਕਹਿਣ ਅਨੁਸਾਰ ਕਵਿਤਾ/ਕਲਾ ਦਾ ਉਦੇਸ਼ ਰੋਜ਼ਮੱਰਾ ਦੇ ਜੀਵਨ 'ਚ ਸਾਡੀਆਂ ਆਤਮਾਵਾਂ 'ਤੇ ਪਈ ਗ਼ਰਦ ਨੂੰ ਧੋਣਾ ਹੈ। ਕਲਾਵਾਂ 'ਚ ਪ੍ਰਗਟ ਜੀਵਨ ਤੇ ਜੀਵਨ 'ਚ ਪ੍ਰਗਟ ਹੁੰਦੀਆਂ ਕਲਾਵਾਂ 'ਚ 'ਹੋਣ' ਦੀ ਪਾਰਸਪਰਿਕਤਾ ਹੈ। ਕਲਾ ਆਪਣੇ ਸਮੁੱਚੇ ਰੂਪ 'ਚ ਇਕ ਹੀ ਹੈ। ਇਹ ਆਪਣੇ ਸਾਰੇ ਰੂਪਾਂ ਦੇ ਮੇਲ ਨਾਲ ਹੀ ਪ੍ਰਗਟਾਵੇ ਦੇ ਸਿਖ਼ਰ ਬਿੰਦੂ 'ਤੇ ਪਹੁੰਚਦੀ ਹੈ।

ਬਹੁਤੇ ਕਵੀ ਫ਼ੈਸ਼ਨ ਦੀ ਦੌੜ ਜਾਂ ਅਨੁਭਵ ਦੀ ਅਪ੍ਰਮਾਣਿਕਤਾ ਕਾਰਣ ਕਵਿਤਾ ਦੇ ਨਾਮ ’ਤੇ ਦਰਸ਼ਨ ਤੇ ਅਧਿਆਤਮ ਚੜ੍ਹੀ ਪੁੱਠ ਵਾਲੀ ਕਵਿਤਾ ਲਿਖ ਰਹੇ ਨੇ। ਇਸ ’ਚ ‘ਹੋਣ’ ਗ਼ੈਰਹਾਜ਼ਿਰ ਹੈ । ਕਵਿਤਾ ’ਚ ਸਭਿਆਚਾਰ ਦੀਆਂ ਹੋਮੀ ਭਾਬਾ ਦੇ ਸ਼ਬਦਾਂ ’ਚ ‘ਲੋਕੇਸ਼ਨਜ਼’ ਗ਼ੈਰ ਹਾਜ਼ਿਰ ਹਨ । ਅੱਜ ਦੀ ਬਹੁਤੀ ਕਵਿਤਾ ਦੇ ਪੈਰ ਅਨੁਭਵ ਦੀ ਪ੍ਰਮਾਣਿਕਤਾ ਦੀ ਜ਼ਮੀਨ ’ਤੇ ਨਹੀਂ ਸ਼ਬਦ ਦੇ ਆਡੰਬਰੀ ਖ਼ਿਲਾਅ ’ਚ ਤੈਰਦੇ ਨੇ, ਇਸੇ ਲਈ ਕਵਿਤਾ ’ਚੋਂ ਪਾਠਕ ਆਪਣੇ ਆਪ ਦੀ ਨਿਸ਼ਾਨਦੇਹੀ ਨਹੀਂ ਕਰ ਪਾਉਂਦਾ। ਕਵਿਤਾ ’ਚੋਂ ਦ੍ਰਿਸ਼ ਗ਼ੈਰ ਹਾਜ਼ਿਰ ਰਹਿੰਦਾ ਹੈ। ਕਵਿਤਾ ਦੀ ਦ੍ਰਿਸ਼ੀ ਯੋਗਤਾ ਬਾਰੇ ਚੀਨੀ ਕਵੀ ਵੈਂਗ ਕਹਿੰਦਾ ਹੈ ਕਿ ਕਵਿਤਾ ’ਚ ਪੇਂਟਿੰਗ ਹੁੰਦੀ ਹੈ ਤੇ ਪੇਂਟਿੰਗ ’ਚ ਕਵਿਤਾ ਹਾਜ਼ਿਰ ਹੁੰਦੀ ਹੈ।

ਕਵਿਤਾ ਤੇ ਸਮੇਂ ਦਾ ਸਬੰਧ ਇਕ ਬੁਝਾਰਤ ਹੈ । ਕਵਿਤਾ ਪਹਿਲਾਂ ਕਿ ਸਮਾਂ ? ਜੀਵਨ ਦੀ ਲੈਅ ਨੂੰ ਪਹਿਲਾਂ ਕਵਿਤਾ ਨੇ ਪਹਿਚਾਣਿਆਂ ਜਾਂ ਸਮੇਂ ਨੇ ? ਕੀ ਸਮੇਂ ਤੋਂ ਬਿਨਾ ਕਵਿਤਾ ਹੋ ਸਕਦੀ ਹੈ ? ਕੀ ਕਵਿਤਾ ਦੇ ਬਿਨਾਂ ਸਮਾਂ ਹੋ ਸਕਦੈ ? ਹੋ ਤਾਂ ਸਕਦੇ ਨੇ ਪਰ ਦੋਹਾਂ ਦੇ ਨਾਲ ਹੋਣ ਨਾਲ ਜਾਂ ਪਰਸਪਰ ਸਬੰਧਿਤ ਹੋਣ ਨਾਲ ਦੋਹਾਂ ਨੂੰ ਫ਼ਰਕ ਪੈਂਦਾ। ਕਵਿਤਾ ਸਮਿਆਂ ਨੂੰ ਬੁਹਾਰਦੀ ਤੇ ਸਾਫ਼ ਕਰਦੀ ਹੈ। ਸਮਾਂ ਕਵਿਤਾ ਨੂੰ ਚਮਕ ਤੇ ਧਾਰ ਦਿੰਦਾ ਹੈ। ਕਵਿਤਾ ਸਮੇਂ ’ਚ ਲਿਖੀ ਜਾਂਦੀ ਹੈ। ਸਮਾਂ ਕਈ ਵਾਰ ਕਵਿਤਾ ’ਚ ਦਖ਼ਲਅੰਦਾਜ਼ ਹੁੰਦਾ ਹੈ। ਕੀ ਸਾਡਾ ਸਮਾਂ ਕਵਿਤਾ ਦਾ ਹੈ? ਗਲਪ, ਰਾਜਨੀਤੀ, ਪੱਤਰਕਾਰੀ, ਵਾਰਤਕ ਜਿਹੀਆਂ ਵਿਧਾਵਾਂ ਦਾ ਦਾਅਵਾ ਹੈ ਕਿ ਇਹ ਉਨ੍ਹਾਂ ਦਾ ਸਮਾਂ ਹੈ ਪਰ ਇੰਝ ਲਗਦਾ ਕਿ ਅੱਜ ਕਵਿਤਾ ਕੋਲ ਤਾਂ ਸਮੇਂ ਲਈ ਬਹੁਤ ਕੁੱਝ ਹੈ ਪਰ ਸਮੇਂ ਕੋਲ ਕਵਿਤਾ ਲਈ ਕੋਈ ਜਗ੍ਹਾ ਨਹੀਂ। ਇਸ ਵੇਲੇ ਕਵਿਤਾ ਦੇ ਕੋਲ ਇਸਦੇ ਸਿਵਾ ਕੋਈ ਚਾਰਾ ਨਹੀਂ ਕਿ ਉਹ ਆਪਣੇ ਸਮੇਂ ਸੰਵਾਦ ਰਚੇ । ਇਨ੍ਹਾਂ ਸਮਿਆਂ ’ਚ ਜਦੋਂ ਬਹੁਤ ਗਹਿਮਾ ਗਹਿਮੀ ਹੈ। ਵੈਭਬ ਦਾ ਪਾਰਾਵਾਰ ਹੈ। ਦ੍ਰਿਸ਼ ਬੁਰੀ ਤਰ੍ਹਾਂ ਡਰਿਆ ਤੇ ਹੈਰਾਨ ਹੈ। ਕਵਿਤਾ ਆਪਣਾ ਸਮਾਂ ਰਚ ਸਕਦੀ ਹੈ; ਅੰਤਹਕਰਣ, ਭਾਵਨਾ, ਆਵਾਜ਼ ਤੇ ਸੱਚ ਨਾਲ।

ਕਵਿਤਾ ਦੇ ਬਾਰੇ ’ਚ ਜੋ ਵੀ ਲਿਖਿਆ ਮਿਲਦਾ ਹੈ ਉਸ ’ਚ ਅਕਸਰ ਕਵਿਤਾ ਤੋਂ ਮਿਲਣ ਵਾਲੇ ਸੁੱਖ ਦਾ ਜ਼ਿਕਰ ਕਦੇ ਨਹੀਂ ਮਿਲਦਾ। ਇਹ ਧਾਰਣਾ ਵਿਸਾਰ ਦਿੱਤੀ ਗਈ ਹੈ ਕਿ ਕਵਿਤਾ ਲਿਖਣ, ਪੜ੍ਹਨ, ਸੁਣਨ ਨਾਲ ਸੁੱਖ ਵੀ ਮਿਲਦਾ ਹੈ। ਇਕ ਅਲੱਗ ਤਰ੍ਹਾਂ ਦਾ ਸੁੱਖ, ਜੋ ਕਵਿਤਾ ਯਾਨੀ ਸ਼ਬਦ-ਬਿੰਬ-ਲੈਅ ਨਾਲ ਹੀ ਸੰਭਵ ਹੈ। ਵਰਤਮਾਨ ਸਮਿਆਂ ’ਚ ਬੋਲਬਾਲਾ ਸੰਘਰਸ਼ ਦਾ ਹੈ, ਸੌਂਦਰਯ ਦਾ ਨਹੀਂ। ਲਗਦਾ ਹੈ ਸੁਹਜ ਦੀ ਧਾਰਣਾ ਨੂੰ ਕਾਵਿਸ਼ਾਸਤਰ ’ਚੋਂ ਖ਼ਾਰਿਜ ਕਰ ਦਿੱਤਾ ਗਿਆ ਹੈ। ਕਵਿਤਾ ਇਨ੍ਹਾਂ ਦਿਨਾਂ ’ਚ ਸੰਘਰਸ਼ ਦੀ ਵਿਧਾ ਹੈ, ਸੌਂਦਰਯ ਦੀ ਨਹੀਂ। ਜਦਕਿ ਇਹ ਸਦੀਆਂ ’ਤੋਂ ਸੰਘਰਸ਼ ਦੀ ਵਿਧਾ ਰਹੀ ਹੈ। ਕੀ ਕਬੀਰ, ਗੁਰੂ ਨਾਨਕ, ਰਵੀਦਾਸ, ਦਾਦੂ ਪਲਟੂ ਸੰਘਰਸ਼ ਦੇ ਵੀ ਕਵੀ ਨੇ ਤੇ ਸੁਹਜ-ਸੌਂਦਰਯ ਦੇ ਵੀ। ਸੰਘਰਸ਼ ਦਾ ਵੀ ਸੌਂਦਰਯ ਹੁੰਦਾ ਹੈ ਤੇ ਸੌਂਦਰਯ ਦਾ ਵੀ ਸੰਘਰਸ਼। ਕਵਿਤਾ ਜੋ ਕਈ ਅਸਚਰਜ ਸਾਨੂੰ ਦਿੰਦੀ ਹੈ। ਇਕ ਤਾਂ ਇਹ ਹੈ ਕਿ ਉਹ ਕਈ ਕੁੱਝ ਸਾਨੂੰ ਸਾਡੇ ਆਲੇ ਦੁਆਲੇ ’ਚੋਂ ਦਿਖਾਅ ਦਿੰਦੀ ਹੈ ਜੋ ਅਸੀਂ ਪਹਿਲਾਂ ਨਹੀਂ ਦੇਖੀਆਂ ਹੁੰਦੀਆਂ। ਜੇ ਦੇਖੀਆਂ ਵੀ ਹੁੰਦੀਆਂ ਨੇ ਤਾਂ ਸਹਿਵਨ, ਬੇਗ਼ੌਰੇਪਨ ਨਾਲ। ਕਵਿਤਾ ਉਨ੍ਹਾਂ ਘਟਨਾਵਾਂ, ਕਿਰਿਆਵਾਂ-ਪ੍ਰਕਿਰਿਆਵਾਂ, ਚੀਜ਼ਾਂ-ਚਰਿੱਤਰਾਂ ਨਾਲ ਅਜਿਹੇ ਸਬੰਧ ਬਣਾ ਜਾਂ ਲੱਭ ਲੈਂਦੀ ਹੈ, ਜਿਨ੍ਹਾਂ ਦਾ ਕਦੀ ਅੰਦਾਜ਼ਾ ਵੀ ਨਹੀਂ ਹੁੰਦਾ । ਕਈ ਵਾਰ ਲਗਦਾ ਹੈ ਕਿ ਕਵਿਤਾ ਦਾ ਸੰਘਰਸ਼ ਤੇ ਸੌਂਦਰਯ ਦੋਵੇਂ ਉਸਦੇ ਸ਼ਿਲਪ ਤੋਂ ਆਉਂਦੇ ਨੇ। ਸ਼ਿਲਪ ਨਾਲ ਕਵਿਤਾ ਸਧਾਰਣ ਨੂੰ ਸਰੂਪਿਤ ਕਰਦੀ ਹੈ ਜੋ ਸਿਮਰਤੀ ’ਚ ਲਿਖਿਆ ਜਾਂਦਾ ਹੈ। ਅਸੀਂ ਕਈ ਵਾਰ ਅਸਧਾਰਣ ਤੋਂ ਏਨਾਂ ਭੈਭੀਤ ਰਹਿੰਦੇ ਹਾਂ ਕਿ ਅਸੀਂ ਆਪਣੇ ਗਿਰਦ ਫੈਲੇ ਸਧਾਰਣ ਨੂੰ ਪਹਿਚਾਣ ਨਹੀਂ ਪਾਉਂਦੇ। ਕਵਿਤਾ ਸਧਾਰਣ ਨਾਲ ਜੋੜਦੀ ਹੈ। ਕਵਿਤਾ ਸਾਡੀ ਮਾਨਵੀਅਤਾ, ਧਿਆਨ, ਸੰਵੇਦਨਾ ਦਾ ਵਿਸਤਾਰ ਕਰਦੀ ਹੈ, ਗਹਿਨ ਕਰਦੀ ਹੈ।

ਸਾਡੇ ਸਮਿਆਂ ਦੇ ਮਹਾਨ ਖਿਣਾਂ ਨੇ ਇਹ ਜ਼ਾਹਿਰ ਕੀਤਾ ਹੈ ਕਿ ਉਹ ਸਮੇਂ ਦਾ ਪ੍ਰਤਿਬਿੰਬਣ/ਦਰਪਣ ਬਿੰਬ ਘੱਟ ਤੇ ਨਾਬਰੀ ਵੱਧ ਰਹੀ ਹੈ। ਕਵਿਤਾ, ਸੱਤਾ ਤੇ ਰਾਜਨੀਤੀ ਦੇ ਜਗਤ ਲਈ ਅਪ੍ਰਸੰਗਿਕ ਹੈ । ਰਾਜਨੀਤੀ ਤੇ ਨੀਤੀ ਦੇ ਸਬੰਧ ’ਚ ਕਵਿਤਾ ਹਮੇਸ਼ਾ ਨੀਤੀ ਦੇ ਨਾਲ ਖੜ੍ਹੀ ਹੁੰਦੀ ਹੈ । ਰਾਜਨੀਤੀ ਸਮੇਂ ਦੀ ਨੀਤੀ ਤੇ ਨੀਤੀ ਅਨੰਤ ਦੀ ਰਾਜਨੀਤੀ ਹੈ। ਜਗਤ ਦਾ ਕੰਮ ਕਵਿਤਾ ਬਿਨਾਂ ਚੱਲ ਸਕਦਾ ਪਰ ਕਵਿਤਾ ਦਾ ਜਗਤ ਬਿਨਾਂ ਨਹੀਂ। ਕਵਿਤਾ ‘ਦੂਸਰੀ’ ਆਵਾਜ਼ ਹੈ । ਇਹ ਆਪਣੇ ਸੱਚ ’ਤੇ ਸੰਦੇਹ ਕਰਨ ਦਾ ਦੁਸਾਹਸ ਕਰਦੀ ਹੈ। ਕਵਿਤਾ ਦੁਨੀਆਂ ਨੂੰ ਬੇਹਤਰ ਤਾਂ ਨਹੀਂ ਬਣਾ ਸਕਦੀ ਪਰ ਬੇਹਤਰੀ ਦਾ ਸੁਪਨਾ ਤੇ ਉਸਦਾ ਦਬਾਓ ਦ੍ਰਿਸ਼ ’ਤੇ ਬਣਾਈ ਰੱਖਦੀ ਹੈ । ਬਿਨਾਂ ਸੁਪਨੇ ਤੇ ਵਿਕਲਪ ਦੇ ਕਵਿਤਾ ਸੰਭਵ ਨਹੀਂ। ਕਵਿਤਾ ’ਚ ਸੰਘਰਸ਼ ਤੇ ਸੌਂਦਰਯ ’ਚ ਤਣਾਓ ਰਿਹਾ ਹੈ। ਕਵਿਤਾ ਦੋਹਾਂ ’ਚ ਕਿਸੇ ਇਕ ਨੂੰ ਚੁਣਨ ਤੋਂ ਇਨਕਾਰੀ ਹੈ। ਅਗਰ ਕਵਿਤਾ ਸੱਚ ਤੇ ਨਿਆਂ ਨਾਲ ਆਪਣੀ ਪ੍ਰਤਿੱਗਿਆ ਭੰਗ ਕਰ ਦੇਵੇ ਤਾਂ ਉਹ ਅਸਫ਼ਲ ਹੈ। ਕਵਿਤਾ ਕਿਸੇ ਵੀ ਸਮਾਜ ਦਾ ਸਿਮਰਤੀ ਕੋਸ਼ ਹੁੰਦੀ ਹੈ। ਕਵੀ ਲਈ ਭਾਸ਼ਾ ਦਰਸ਼ਨ ਵੀ ਓਨਾਂ ਹੀ ਜ਼ਰੂਰੀ ਹੈ ਜਿੰਨਾ ਜੀਵਨ ਦਰਸ਼ਨ ।